ਗੁਰੂ ਗ੍ਰੰਥ ਸਾਹਿਬ ਜੀ ਸਨਮੁੱਖ ਇੱਕ ਜੋਦੜੀ

ਹੇ ਸੱਚੇ ਪਾਤਸ਼ਾਹ ਜੀਉ।

ਆਪ ਜੀ ਦੇ ਸੇਵਕ ਪ੍ਰੋ. ਦਰਸ਼ਨ ਸਿੰਘ ਜੀ, ਜਿਹਨਾਂ ਨੇ ਆਪ ਜੀ ਦੇ ਸਤਿਕਾਰ ਨੂੰ ਬਹਾਲ ਕਰਾਉਣ ਲਈ ਅਖੌਤੀ ਡੇਰੇਦਾਰਾਂ ਅਤੇ ਗੁਰਦੁਆਰਿਆਂ ਤੇ ਕਾਬਜ ਮਹੰਤਾਂ, ਸਿਆਸਤਦਾਨਾਂ ਨੂੰ ਆਪ ਜੀ ਦੇ ਸਿੰਘਾਸਣ ਦੇ ਬਰਾਬਰ ਅਖੌਤੀ ਅਸ਼ਲੀਲ ਗ੍ਰੰਥ ਨੂੰ ਅਸਥਾਪਨ ਨਾ ਕਰਨ ਦੀਆਂ ਕਈ ਅਪੀਲਾਂ ਕੀਤੀਆਂ, ਪਰ ਇਹਨਾਂ ਡੇਰੇਦਾਰਾਂ ਅਤੇ ਤਾਕਤ ਦੇ ਨਸ਼ੇ ਵਿੱਚ ਅੰਨੇ ਹੋਏ ਸਿਅਸਤਦਾਨਾਂ ਨੇ ਆਪਣੇ ਭਾਈਵਾਲ ਜਨਸੰਘੀਆਂ ਦੇ ਦਬਾਅ ਹੇਠ, ਆਪਣੀ ਪੁਜੀਸ਼ਨ ਦਾ ਨਜਾਇਜ਼ ਫਾਇਦਾ ਉਠਾਂਦਿਆਂ, ਆਪਜੀ ਦੇ ਸੇਵਕ ਦਰਸ਼ਨ ਸਿੰਘ ਜੀ ਖਾਲਸਾ ਨੂੰ ਆਪਣੇ ਪੰਥ ਵਿਚੋਂ ਛੇਕਣ ਦਾ ਐਲਾਨ ਕਰ ਦਿੱਤਾ ਹੈ।

ਪਾਤਸ਼ਾਹ ਜੀਉ, ਆਪ ਜੀ ਜਾਣੀ ਜਾਣ ਹੋ। ਸਾਰੇ ਘਟਨਾਕ੍ਰਮ ਦਾ ਆਪ ਜੀ ਤੋਂ ਕੋਈ ਲੁਕਾਅ ਨਹੀਂ। ਇਸ ਲਈ ਆਪ ਜੀ ਅੱਗੇ ਅਰਦਾਸ ਜੋਦੜੀ ਹੈ ਕਿ ਜਿਸ ਤਰ੍ਹਾਂ ਆਪ ਜੀ ਨੇ ਆਪਣੀ ਕਿਰਪਾ ਕਰਕੇ ਆਪਣੇ ਸੇਵਕ ਪ੍ਰੋ. ਦਰਸ਼ਨ ਸਿੰਘ ਖਾਲਸਾ ਨੂੰ ਲਵ-ਕੁਸ਼ ਦੀ ਔਲਾਦ ਅਖਵਾਉਣ ਵਿੱਚ ਫਖਰ ਕਰਨ ਵਾਲੇ ਵਾਮ-ਮਾਰਗੀਆਂ ਅੱਗੇ ਝੁਕਣ ਦੀ ਥਾਏਂ, ਗੁਰਮਤਿ ਦਾ ਬੜੀ ਹੀ ਜੁਰੱਅਤ ਅਤੇ ਪ੍ਰਪੱਕਤਾ ਨਾਲ ਸਟੈਂਡ ਲੈਣ ਦਾ ਬੱਲ ਅਤੇ ਉਦਮ ਬਖਸ਼ਿਆ ਹੈ, ਸੱਚੇ ਪਾਤਸ਼ਾਹ ਜੀ, ਉਸੇ ਤਰ੍ਹਾਂ ਸਾਨੂੰ ਵੀ ਸੋਝੀ ਬਖਸ਼ੋ, ਤਾਂ ਕਿ ਅਸੀਂ ਵੀ ਗੁਰਮਤਿ ਦੇ ਸਿਧਾਂਤਾਂ ਉਪਰ ਦ੍ਰਿੜਤਾ ਨਾਲ ਪਹਿਰਾ ਦੇ ਸਕੀਏ।

ਪਰ ਪਾਤਸ਼ਾਹ ਜੀਉ, ਇੱਕ ਡਰ ਮਨ ਵਿੱਚ ਬੜਾ ਸਤਾ ਰਿਹਾ ਹੈ ਕਿ ਇਹਨਾਂ ਅਖੌਤੀ ਪੰਥਕ ਆਗੂਆਂ ਦੇ ਹੌਂਸਲੇ, ਸਾਡੀ ਮਾਨਸਿਕ ਕਮਜੋਰੀ ਕਾਰਣ ਬੜੇ ਵਧੇ ਹੋਏ ਹਨ। ਇਹ ਤਾਂ ਹੁਣ ਗੁਰਮਤਿ ਦੇ ਪ੍ਰਚਾਰ ਸਮਾਗਮਾਂ ਵਿੱਚ ਹੀ ਆਪਣੇ ਗੁੰਡਿਆਂ ਅਤੇ ਬਦਮਾਸ਼ਾਂ ਰਾਹੀਂ ਰੁਕਾਵਟਾਂ ਪਾ ਰਹੇ ਹਨ। ਹੁਣ ਤਾਂ ਇਹਨਾਂ ਦੀ ਅਖੌਤੀ ਪੰਥਕ ਸਰਕਾਰ ਵੀ ਆਪਣੀ ਤਾਕਤ ਵਰਤ ਕੇ ਗੁਰਮਤਿ ਸਾਮਾਗਮਾਂ ਉਪਰ ਪਾਬੰਦੀ ਲਗਾ ਰਹੀ ਹੈ, ਜਦਕਿ ਅਖੌਤੀ ਡੇਰੇਦਾਰਾਂ ਦੇ ਸਮਾਗਮ ਸਰਕਾਰੀ ਸਰਪ੍ਰਸਤੀ ਹੇਠ ਕਰਵਾਏ ਜਾ ਰਹੇ ਹਨ। ਪਾਤਸ਼ਾਹ ਜੀ, ਇਸ ਸਾਰੀ ਖੇਡ ਦਾ ਆਗੂ ਇੱਕ ਚਲਾਕ ਬਿਹਾਰੀ, ਲਾਂਬਾ ਨਾਮ ਦਾ ਵਿਅਕਤੀ ਹੈ, ਉਸੇ ਦੀਆਂ ਲਾਈਆਂ ਲੂਤੀਆਂ ਕਰਕੇ ਹੀ ਇਸ ਤੋਂ ਪਹਿਲਾਂ ਭਾਈ ਗੁਰਬਖਸ਼ ਸਿੰਘ ਜੀ ਕਾਲਾਅਫਗਾਨਾ, ਜੋਗਿੰਦਰ ਸਿੰਘ ਸਪੋਕਸਮੈਨ ਅਤੇ ਹੁਣ ਪ੍ਰੋ.ਦਰਸ਼ਨ ਸਿੰਘ ਜੀ ਨੂੰ ਆਪਣੇ ਪੰਥ ਵਿਚੋਂ ਛੇਕਣ ਦਾ ਨਾਟਕ ਖੇਡਿਆ ਗਿਆ ਹੈ। ਭਾਵੇਂਕਿ ਆਮ ਸਿੱਖ ਸੰਗਤਾਂ ਵਲੋਂ ਇਹਨਾਂ ਅਖੌਤੀ ਹੁਕਮਨਾਮਿਆਂ ਨੂੰ ਸ਼ਰੇਆਮ ਰੱਦ ਕਰਨ ਨਾਲ ਇਹਨਾਂ ਸ਼ਕਤੀਆਂ ਨੂੰ ਮੂੰਹ ਦੀ ਖਾਣੀ ਪਈ ਹੈ। ਆਪ ਜੀ ਭਲੀ

ਭਾਂਤ ਜਾਣਦੇ ਹੋ ਕਿ ਇਹੋ ਜਿਹੀਆਂ ਪੰਥ ਵਿਰੋਧੀ ਸ਼ਕਤੀਆਂ ਦੀਆਂ ਗਲਤ ਹਰਕਤਾਂ ਕਾਰਣ, ਸੱਚ ਦੀ ਆਵਾਜ਼ ਨੂੰ ਕਿਸ ਤਰ੍ਹਾਂ ਘਿਨਾਉਣੇ ਢੰਗਾਂ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਾਤਸ਼ਾਹ ਜੀ, ਇਹਨਾਂ ਦਾ ਕੁਹਾੜਾ ਇੱਥੇ ਹੀ ਰੁਕਿਆ ਨਹੀਂ, ਸਗੋਂ ਹੁਣ ਤਾਂ ਹੋਰ ਵੀ ਕਈ ਗੁਰਸਿੱਖਾਂ ਨੂੰ ਅਗਾਊਂ ਵਾਰਨਿੰਗਾਂ ਦੇ ਦਿੱਤੀਆਂ ਗਈਆਂ ਹਨ।

ਪਾਤਸ਼ਾਹ ਜੀ, ਮਨ ਵਿੱਚ ਇਹ ਤੌਖਲਾ ਬੜਾ ਸਤਾ ਰਿਹਾ ਹੈ ਕਿ ਜੇਕਰ ਆਪਜੀ ਦੀ ਬਾਣੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਜੂਝਣ ਵਾਲੇ ਗੁਰਸਿੱਖਾਂ ਨੂੰ ਇਸੇ ਤਰ੍ਹਾਂ ਹੀ ਛੇਕਿਆ ਜਾਂਦਾ ਰਿਹਾ ਤਾਂ

"ਪੰਥ ਨਾ ਰਹਾ ਤੋ ਗ੍ਰੰਥ ਕੌਣ ਮਾਨੇਗਾ"

ਅਨੁਸਾਰ ਆਪਜੀ ਦੀ ਪਾਵਨ ਬਾਣੀ ਦੇ ਵਿਲੱਖਣ ਸਿਧਾਂਤਾਂ ਉਪਰ ਪਹਿਰਾ ਦੇਣ ਵਾਲਾ ਕੌਣ ਬਚੇਗਾ?

ਇਸ ਲਈ, ਹੇ ਸੱਚੇ ਪਾਤਸ਼ਾਹ ਜੀਉ, ਸਾਨੂੰ ਸਾਰਿਆਂ ਨੂੰ ਇਹ ਉਦਮ ਬਖਸ਼ੋ ਕਿ ਅਸੀਂ ਪ੍ਰੋ. ਦਰਸ਼ਨ ਸਿੰਘ ਜੀ ਖਾਲਸਾ ਵਲੋਂ ਗੁਰਮਤਿ ਚੇਤੰਨਤਾ ਲਈ ਆਰੰਭੀ ਲਹਿਰ ਨੂੰ ਜੋਸ਼ ਅਤੇ ਹੋਸ਼ ਨਾਲ ਹੋਰ ਅੱਗੇ ਵਧਾ ਸਕੀਏ। ਆਪ ਜੀ ਨੇ ਇਸੇ ਤਰ੍ਹਾਂ ਅੰਗ-ਸੰਗ ਹੋ ਕੇ ਸਾਡੀ ਅਗਵਾਈ ਕਰਨੀ ਹੈ। ਪਾਤਸ਼ਾਹ ਜੀ, ਅਰਦਾਸ ਜੋਦੜੀ ਕਰਦਿਆਂ ਕੋਈ ਗੁਸਤਾਖੀ ਭਰਿਆਂ ਸ਼ਬਦ ਕਿਹਾ ਗਿਆ ਹੋਵੇ ਤਾਂ ਆਪਣੇ ਇਸ ਨਾਚੀਜ ਸੇਵਕ ਨੂੰ ਬਖਸ਼ ਲੈਣਾ।

ਆਪਜੀ ਦੇ ਦਰਬਾਰ ਦਾ ਕੂਕਰ,
ਗੁਰਮੀਤ ਸਿੰਘ ਕਾਦੀਆਨੀ, ਕਪੂਰਥਲਾ